**Vidhyayana - ISSN 2454-8596**
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

# ਪੰਜਾਬੀ ਔਰਤਾਂ ਦੇ ਸਾਂਗ ਤਮਾਸ਼ੇ:ਭਾਸ਼ਾਗਤਅਧਿਐਨ



| AMANDEEP KAUR | Under Guidance |
|---|---|
| Research scholar | Dr. Lakhwinderkaur |
| CT UNIVERSITY | CT UNIVERSITY |

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

## ਪੰਜਾਬੀ ਔਰਤਾਂ ਦੇ ਸਾਂਗ ਤਮਾਸ਼ੇ:ਭਾਸ਼ਾਗਤ ਅਧਿਐਨ

ਭਾਸ਼ਾ ਮਨੁੱਖੀ ਸੰਚਾਰ ਦਾ ਮਾਧਿਅਮ ਹੈ। ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ ਅਤੇ ਇਸਨੂੰ ਜਿਊਂਦਿਆਂ ਰਹਿਣ ਲਈ ਸਮਾਜ ਵਿੱਚ ਰਹਿਣਾ ਪੈਂਦਾ ਹੈ। ਮਨੁੱਖ ਦੀਆਂ ਬਹੁਤ ਸਾਰੀਆਂ ਲੋੜਾਂ ਅਜਿਹੀਆਂ ਹਨ ਜਿਹੜੀਆਂ ਉਹ ਇਕੱਲਾ ਪੂਰੀਆਂ ਨਹੀਂ ਕਰ ਸਕਦਾ।ਦੁੱਖ ਸੁੱਖ ਸਮੇਂ ਉਸ ਨੂੰ ਸਮਾਜ ਦੀ ਜਰੂਰਤ ਹੁੰਦੀ ਹੈ।ਜਿਉਂਦੇ ਮਨੁੱਖ ਦੇ ਮਨ 'ਤੇ ਕੁਦਰਤੀ ਨਜ਼ਾਰਿਆਂ , ਸਮਾਜਿਕ ਹਾਲਤਾਂ, ਅਨੁਭਵਾਂ ਅਤੇ ਭੇਦਾਂ ਨੂੰ ਦੂਜਿਆਂ ਨਾਲ ਸਾਂਝਾ ਕਰਨ ਦੀ ਤੀਬਰ ਇੱਛਾ ਰੱਖਦਾ ਹੈ। ਮਨੁੱਖ ਕੋਲ ਆਪਾ ਪ੍ਰਗਟ ਕਰਨ ਦੇ ਦੋ ਸਾਧਨ ਹਨ:-ਪਹਿਲਾ 'ਸਰੀਰ ' ਅਤੇਦੂਜਾ ' ਭਾਸ਼ਾ '।

ਭਾਸ਼ਾ ਦੋ ਤਰ੍ਹਾਂ ਦੀ ਹੁੰਦੀ ਹੈ:--ਲਿਖਤੀ ਭਾਸ਼ਾ (ਨੋਨ-ਵਣਰਬਓਲ ਸੇਸਟਏਮ) ਅਤੇ ਮੌਖਿਕ ਭਾਸ਼ਾ (ਵਣਰਬਓਲ ਸੇਸਟਏਮ)।ਮਨੁੱਖ ਦਾ ਮੁੱਢਲਾ ਸਾਧਨ ਮੌਖਿਕ ਭਾਸ਼ਾ ਹੈ ਕਿਉਂਕਿ ਮਨੁੱਖ ਆਪਣੇ ਜ਼ਜਬਾਤਾਂ ਨੂੰ ਸਧਾਰਨ ਗਲਬਾਤ ਰਾਂਹੀ ਜਿੱਥੇ ਪ੍ਰਗਟ ਕਰਦਾ ਹੈ ਉੱਥੇ ਇਸ ਵਿੱਚ ਪ੍ਰਮੁੱਖ ਯੋਗਦਾਨ ਸਰੀਰ ਦਾ ਵੀ ਹੁੰਦਾ ਹੈ।ਸਰੀਰਕ ਮੁਦਰਾਵਾਂ/ਇਸ਼ਾਰਿਆਂ ਜਿਵੇਂ ਅੱਖਾਂ, ਮੂੰਹ, ਹੱਥਾਂ ਦੇ ਇਸ਼ਾਰਿਆਂ ਰਾਂਹੀ ਬਹੁਤ ਕੁੱਝ ਸਮਝਿਆ ਜਾਂਦਾ ਹੈ। ਸਾਡੀ ਲੋਕਧਾਰਾ ਮੌਖਿਕ ਰੂਪ ਵਿੱਚ ਪੀੜ੍ਹੀ-ਦਰ-ਪੀੜ੍ਹੀ ਅੱਗੇ ਤੁਰੀ ਜਾ ਰਹੀ ਹੈ ਪ੍ਰੰਤੂ ਅੱਜ ਕੱਲ੍ਹ ਇਸਨੂੰ ਲਿਖਤੀ ਰੂਪ ਵਿੱਚ ਸੰਭਾਲਿਆ ਜਾ ਰਿਹਾ ਹੈ।

ਅਸਲ ਵਿੱਚ ਮਨੁੱਖ ਦੇ ਅਚੇਤ ਮਨ ਦੀ ਬਣਤਰ ਵੀ ਭਾਸ਼ਾ ਦੀ ਤਰ੍ਹਾਂ ਹੀਹੈ। ਚੇਤਨ ਜਾਂ ਅਵਚੇਤਨ ਵਿੱਚ ਕੀਤੀਆਂ ਸਿਰਜਨਾਵਾਂ ਹਥਾਂ ਦੇ ਇਸ਼ਾਰਿਆਂ, ਚਿਹਰੇ ਦੇ ਹਾਵ-ਭਾਵ, ਅੱਖਾਂ ਇਸ਼ਾਰੇਆ ਦਿਸਾਰੇ ਸੰਚਾਰ ਦੇ ਸਾਧਨ ਹਨ। ਪ੍ਰਸਿੱਧ ਭਾਸ਼ਾ ਵਿਗਿਆਨੀ ਸਾਸਿਊਰ ਦੇ ਅਨੁਸਾਰ, "ਕੋਈ ਵੀ ਚਿੰਨ੍ਹ ਪ੍ਰਬੰਧ ਭਾਸ਼ਾ ਹੈ, ਜਿਸ ਰਾਹੀਂ ਵਿਚਾਰ ਪ੍ਰਗਟ ਹੋ ਸਕਣ।"ਪ੍ਰੰਤੂ ਭਾਸ਼ਾ ਦਾ ਮਾਡਲ ਬਾਕੀ ਸੰਚਾਰ ਸਾਧਨਾਂ ਨਾਲੋਂ ਵਧੇਰੇ ਵਿਕਸਿਤ ਸੰਚਾਰ ਦਾ ਮਾਧਿਅਮ ਹੈ।ਇਸ ਲਈ ਭਾਸ਼ਾ ਦਾ ਮਾਡਲ ਬਾਕੀ ਦੇ ਸੰਚਾਰ ਸਾਧਨਾਂ ਨੂੰ ਸਮਝਣ ਲਈ ਵਰਤਿਆ ਜਾਂਦਾ ਹੈ।

ਸਾਸਿਊਰ ਅਨੁਸਾਰ,"ਕੋਈ ਵੀ ਉਹ ਪ੍ਰਬੰਧ ਜਾਂ ਚੀਜ ਜੋ ਸੰਚਾਰ ਕਰਦੀ ਹੈ ਉਹ ਭਾਸ਼ਾ ਹੈ"।ਇਸ ਤਰ੍ਹਾਂ ਕੋਈ ਵੀ ਚਿੰਨ੍ਹ ਪ੍ਰਬੰਧ, ਜਿਸ ਰਾਹੀਂ ਵਿਚਾਰ ਪ੍ਰਗਟ ਹੋ ਸਕਦੇ ਹਨ, ਭਾਸ਼ਾ ਹੈ "।ਇਸ ਨਾਲ ਭਾਸ਼ਾ ਦਾ ਸੰਕਲਪ ਹੀ ਬਦਲ ਜਾਂਦਾ ਹੈ। ਉਸਨੇ ਕਿਹਾ ਕਿ ਵਿਚਾਰਾਂ ਦਾ ਸੰਚਾਰ ਕਰਨ ਵਾਲੀ ਹਰ ਸ਼ੈਲੀ ਭਾਸ਼ਾ ਹੈ। ਉਸ ਅਨੁਸਾਰ ਮਨੁੱਖ ਜੋ ਕੁੱਝ ਵੀ ਸਿਰਜਦਾ

ਹੈ ਉਸ ਰਾਂਹੀ ਇੱਕ ਤਰ੍ਹਾਂ ਨਾਲ਼ ਆਪਣੇ ਗਿਆਨ ਦਾ ਸੰਚਾਰ ਕਰਦਾ ਹੈ। ਮਿਥਿਹਾਸ, ਲੋਕ -ਕਥਾਵਾਂ, ਮੇਲੇ,ਤਿਉਹਾਰ, ਸੁਹਾਗ, ਸਿੱਠਣੀਆਂ, ਬਾਤਾਂ, ਲੋਕ-ਨਾਚ ,ਰੀਤੀ-ਰਿਵਾਜ,ਰਹਿਣ-ਸਹਿਣ, ਪਹਿਰਾਵਾ, ਖਾਣਾ-ਪੀਣਾ,ਬੋਲ-ਚਾਲ ਆਦਿ ਸਾਰੇ ਪ੍ਰਕਾਰ ਦੇ ਚਿੰਨਾਂ ਰਾਂਹੀ ਮਨੁੱਖ ਆਪਣੇ ਆਪ ਦਾ ਪ੍ਰਗਟਾਵਾ ਕਰਦਾ ਹੈ।

ਸਾਸਿਊਰ ਦਾ ਇਹ ਵੀ ਵਿਚਾਰ ਸੀ ਕਿ ਭਾਸ਼ਾ ਵਿਗਿਆਨ ਦਾ ਮਾਡਲ ਸੰਚਾਰ ਦੇ ਸਾਧਨਾਂ ਜਿਵੇਂ ਰੀਤੀ-ਰਿਵਾਜ, ਕੋਮਲ-ਕਲਾਵਾਂ, ਤਿਉਹਾਰ, ਲੋਕ-ਵਿਸ਼ਵਾਸ, ਲੋਕਧਾਰਾ-ਸਭਿਆਚਾਰ ਦੇ ਅਧਿਐਨ ਵਰਤਿਆ ਜ ਸਕਦਾ ਹੈ। ਇਹ ਧਾਰਨਾ ਬਿਲਕੁਲ ਸੱਚ ਸਾਬਤ ਹੋਈ। ਕੋਈ ਵੀ ਮਨੁੱਖੀ ਸਿਰਜਣਾ ਚਾਹੇ ਉਹ ਸਾਹਿਤ, ਮਿਥਿਹਾਸ, ਲੋਕਧਾਰਾ ਹੈ ਉਹ ਉਸ ਸਭਿਆਚਾਰ ਵਿਚਲੀਆਂ ਮੂਲ ਵਿਰੋਧਤਾਈਆਂ ਅਤੇ ਗੁੰਝਲਾਂ ਵਿੱਚੋਂ ਜਨਮਦੀ ਹੈ। ਇਸ ਤਰ੍ਹਾਂ ਸਾਹਿਤ ਦੇ ਅਧਿਐਨ ਲਈ ਭਾਸ਼ਾ ਵਿਗਿਆਨ ਮਾਡਲ ਦੁਆਰਾ ਉਹ ਅੰਤਰ ਵਿਰੋਧਤਾਈਆਂ ਅਤੇ ਗੁੰਝਲਾਂ ਜਿਹੜੀਆਂ ਉਪਰਲੇ ਪ੍ਰਬੰਧ ਵੱਚਨ ਜ਼ਰ ਹੀਂ ਆਉਂਦੀਆਂ,ਨੂੰ ਪੇਸ਼ ਕੀਤਾ ਜਾਂਦਾ ਹੈ। ਸਭਿਆਚਾਰ ਦੇ ਖੇਤਰ ਵਿੱਚ ਇਹ ਕੰਮ ਲੈਵੀ-ਸਤਾਸ,ਸਾਹਿਤ ਵਿਗਿਆਨ ਦੇ ਖੇਤਰ ਵਿੱਚ ਯਕ ਲਾਕਾਂ , ਨੇ ਕੀਤਾ। ਉਨ੍ਹਾਂ ਨੇ ਇਹ ਸਿੱਧ ਕਰ ਦਿੱਤਾ ਕਿ ਮਨੁੱਖ ਦੇ ਅਚੇਤ ਮਨ ਦੀ ਬਣਤਰ ਵੀ ਭਾਸ਼ਾ ਦੀ ਤਰ੍ਹਾਂ ਹੀ ਹੈ। ਮਨੁੱਖ ਦੇ ਅਚੇਤ ਅਤੇ ਸੁਚੇਤ ਪੱਧਰ ‘ਤੇ ਕੀਤੀਆਂ ਸਿਰਜਨਾਵਾਂ ਭਾਸ਼ਾ ਦੀ ਤਰ੍ਹਾਂ ਹੀ ਹੁੰਦੀਆਂਹਨ।

ਪੰਜਾਬੀ ਔਰਤਾਂ ਦੇ ਸਾਂਗ ਤਮਾਸ਼ੇ ਦੀ ਭਾਸ਼ਾ ਚਿੰਨ੍ਹ ਵਿਗਿਆਨਿਕ ਯੋਜਨਾ ‘ਆਧਾਰਿਤਹੈ। ਅਸਲ ਵਿੱਚ ਸਾਸਿਊਰ ਦਾ ਚਿੰਨ੍ਹ ਵਿਗਿਆਨ ਦਾ ਸਿਧਾਂਤ ਜੀਵਨ ਦੇ ਹਰ ਖੇਤਰ ਵਿੱਚ ਲਾਗੂ ਹੁੰਦਾ ਹੈਅਤੇ ਇਸ ਨਰਪੱਖ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਲੋਕਧਾਰਾ ਦੇ ਖੇਤਰ ਵਿੱਚ ਇਸ ਕੰਮ ਦੇ ਪਹਿਲ ਲੈਵੀ ਸਤਾਸ ਨੇ ਕੀਤੀ।

“ਚਿੰਨ੍ਹਵਿਗਿਆਨਿਕ ਵਿਧੀ ਕੇਵਲ ਸਾਹਿਤ ਦੇ ਖੇਤਰ ਵਿੱਚ ਹੀ ਨਹੀਂ ਸਗੋਂ ਜੀਵਨ ਦੇ ਹਰ ਖੇਤਰ ਵਿੱਚ ਮੱਹਤਵਪੂਰਨ ਸਥਾਨ ਰੱਖਦੀਹੈ। “

ਚਿੰਨ੍ਹ ਵਿਗਿਆਨਿਕ ਵਿਧੀ ਅਸਲ ਵਿੱਚ ਵਿਸ਼ਾਲ ਖੇਤਰ ਅਤੇ ਵਿਸਤ੍ਰਿਤ ਅਰਥਾਂ ਵਾਲਾ ਅਨੁਸ਼ਾਸਨ ਹੈ ਕਿਉਂਕਿ ਚਿੰਨ੍ਹ ਵਿਗਿਆਨ ਅਧਿਐਨ ਕੇਵਲ ਸਾਹਿਤ ਦੇ ਖੇਤਰ ਵਿੱਚ ਹੀ ਨਹੀਂ ਸਗੋਂ ਜੀਵਨ ਦੇ ਹਰ ਖੇਤਰ ਵਿੱਚ

**ਮੱਹਤਵਪੂਰਨ ਸਥਾਨ ਰੱਖਦਾ ਹੈ।**

**ਪੰਜਾਬੀ ਔਰਤਾਂ ਦੇ ਸਾਂਗ ਤਮਾਸ਼ੇ ਸਿਰਫ ਮਨੋਰੰਜਨ ਦਾ ਸਾਧਨ ਹੀ ਨਹੀਂ ਹੁੰਦੇ ਸਗੋਂ ਇਹ ਜੀਵਨ ਦੇ ਅਰਥਾਂ ਦੀ ਵੀ ਸਿਰਜਣਾ ਕਰਦੇ ਹਨ। ਇਨ੍ਹਾਂ ਵਿੱਚ ਉਨ੍ਹਾਂ ਵਿਚਾਰਾਂ ਨੂੰ ਅਭਿਵਿਅਕਤ ਕੀਤਾ ਜਾਂਦਾ ਹੈਜਿ ੜੇ ਵਿਚਾਰਾਂ ਨੂੰ ਆਸਾਨੀ ਨਾਲ ਸਿੱਧੇ ਰੂਪ ਵਿੱਚ ਕਿਸੇ ਲੋਕ ਸਮੂਹ ਵਿੱਚ ਪੇਸ਼ ਨਹੀਂ ਕੀਤਾ ਜਾ ਸਕਦਾ ।ਇਸ ਕਰਕੇ ਇਹ ਔਰਤ ਮਨੁੱਖ ਦੀਆਂ ਦਮਿਤ ਇਛਾਵਾਂ ਦੀ ਹੀ ਉਪਜ ਹੁੰਦੇ ਇਸ ਤਰ੍ਹਾਂ ਇਹ ਸਾਂਗ ਤਮਾਸ਼ੇ ਆਪਣੇ ਅੰਦਰ ਗਹਿਨ ਅਰਥ ਸਮਾਈ ਰੱਖਦੇ ਹਨ।ਜਦੋਂ ਕਿਸੇ ਗੱਲ ਨੂੰ ਸਿੱਧੇ ਰੂਪ ਵਿੱਚ ਨਹੀਂ ਕੀਤਾ ਜਾ ਸਕਦਾ ਤਾਂ ਉਸਨੂੰ ਚਿੰਨਾਂ /ਪ੍ਰਤੀਕਾਂ ਦੀ ਵਰਤੋਂ ਰਾਹੀਂ ਕਿਹਾ ਜਾਂਦਾਹੈ। ਸਾਂਗ-ਨਾਟਕਾਂ ਦੀ ਸਮੁੱਚੀ ਚਿੰਨ੍ਹ ਯੋਜਨਾ ਮਨੁੱਖ ਦੇ ਨਕਲੀ ਮਖੌਟੇ ਲਾਹ ਕੇ ਸਧਾਰਨ ਵਿਅਕਤੀ ਦ ਵਿਹਾਰ ਨੂੰ ਜ਼ਾਹਰ ਕਰਨ ਵਾਲੀ ਹੈ।ਬੋਲਚਾਲ ਦੇ ਪੱਧਰ 'ਤੇ ਭਾਵੇਂ ਕਿਸੇ ਸਾਂਗ ਤਮਾਸ਼ੇ ਦੇ ਪੂਰਨ ਅਰਥ ਸਪੱਸ਼ਟ ਨਾ ਹੋਣ ਪ੍ਰੰਤੂ ਸਰੀਰਕ ਮੁਦਰਾਵਾਂ ਅਤੇ ਹਾਵ-ਭਾਵ ਨੂੰ ਵੇਖ ਕੇ ਅਰਥ ਪੂਰਨ ਰੂਪ ਵਿੱਚ ਸਪੱਸ਼ਟ ਹੋ ਜਾਂਦੇ ਹਨ ।ਇਨ੍ਹਾਂ ਵਿੱਚ ਕੇਵਲ ਚਿਹਰੇ ਦੇ ਹਾਵ ਭਾਵ ਹੀ ਨਹੀਂ ਸ਼ਾਮਲ ਹੁੰਦੇ ਸਗੋਂ ਸਮੁੱਚਾ ਸਰੀਰ ਹਰਕਤ ਵਿੱਚ ਆ ਜਾਂਦਾ ਹੈ। ਇਸਦੀ ਪੇਸ਼ਕਾਰੀ ਵਿੱਚ ਇੱਕ ਤਾਂ ਭਾਸ਼ਾ ਚਿੰਨ੍ਹਆਤਮਕ ਹੁੰਦੀ ਹੈ, ਭਾਵ ਕੋਈ ਗੱਲ ਸਮਝਾਉਣ ਲਈ ਸੰਕੇਤਕ ਭਾਸ਼ਾ ਵਰਤ ਦੇ ਹਾਂ ਕਿਉਂਕਿ ਸਿੱਧੇ ਰੂਪ ਵਿੱਚ ਕਈ ਗੱਲਾਂ ਨਹੀਂ ਕੀਤੀਆਂ ਜਾ ਸਕਦੀਆਂ ਜਿਵੇਂ ਨਿਮਨਲਿਖਤ ਇੱਕ ਤਮਾਸ਼ਾ ਉਦਾਹਰਨ ਲਈ ਪੇਸ਼ਹੈ:-**

(ਦੋ ਔਰਤਾਂ ਪਿੜ ਵਿੱਚ ਪਤੀ ਪਤਨੀ ਦੇ ਰੂਪ ਵਿੱਚ ਆਉਦੀਆਂ ਹਨ)

ਪਤਨੀ :- ਵੇ ਗੁਰਦਿੱਤੇ ਦੇ ਭਾਈਆ

ਪਤੀ :- ਹਾਂ ਜੀ , ਹਾਂ

ਪਤਨੀ:- ਵੇ ਦੋ ਖੱਟੇ ਲਿਆ ਦੇ

ਪਤੀ:- ਹਾਂ ਜੀ, ਹਾਂ

ਪਤਨੀ :- ਵੇ ਮੇਰੇ ਪੀੜ ਕਲੇਜੇ ( ਦੋਵੇਂ ਹੱਥਾਂ ਨਾਲ਼ ਆਪਣਾ ਪੇਟ ਘੁੱਟਦੀ ਹੋਈ, ਡਾਢੀ ਪੀੜ ਅਨੁਭਵ ਕਰਦੀ ਹੋਈ)

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਪਤੀ :- ਹਾਂ ਜੀ, ਹਾਂ

ਪਤਨੀ :- ਵੇ ਸੜ ਜਾਏ ਤੇਰੀ ਹਾਂ ਜੀ

ਵੈ ਮੈ ਮਰਦੀ ਜਾਂਦੀ ( ਜਮੀਨ ‘ ਲਿਟਦੀ ਹੋਈ)

ਪਤੀ :- ਹਾਂ ਜੀ, ਹਾਂ

ਪਤਨੀ :- ਮੇਰੀ ਜਿੰਦ ਮੁੱਕਦੀ ਜਾਂਦੀ

ਮੈਂ ਮਰਦੀ ਜਾਂਦੀ

ਪਤੀ :- ਹਾਂ ਜੀ , ਹਾਂ

ਪਤਨੀ :- ਤੈਨੂੰ ਅਕਲ ਨਾ ਆਉਦੀ

ਮੈਂ ਮਰਦੀ ਜਾਂਦੀ

ਪਤੀ :- ਹਾਂ ਜੀ , ਹਾਂ

ਪਤਨੀ :- ਦੋ ਖੱਟੇ ਲਿਆ ਦੇ

ਪਤੀ :- ਹਾਂ ਜੀ , ਹਾਂ

ਪਤਨੀ : - ਗੁਰਿਦੱਤੇ ਦੇ ਭਾਈਏ

ਦੋ ਖੱਟੇ ਲਿਆ ਦੇ

ਉਪਰੋਕਤ ਸਾਂਗ - ਤਮਾਸ਼ੇ ਦੀ ਸ਼ਬਦਾਵਲੀ ਚਿੰਨਾਤਮਕ ਹੈ।ਪੁਰਾਤਨ ਸਮੇਂ ਵਿੱਚ ਪਤੀ ਪਤਨੀ ਸਿੱਧੇ ਰੂਪ ਵਿੱਚ ਆਪਣੀਆਂ ਭਾਵਨਾਵਾਂ ਨਾਲ਼ ਇੱਕ ਦੂਜੇ ਨਾਲ਼ ਪ੍ਰਗਟ ਨਹੀਂ ਕਰ ਸਕਦੇ ਸਨ। ਕਿਉਂਕਿ ਪਰਿਵਾਰ ਸਾਂਝੇ ਰੂਪ ਵਿੱਚ ਇੱਕ ਹੀ ਘਰ ਵਿੱਚ ਹੀ ਰਹਿੰਦੇ ਜਦ ਕੋਈ ਔਰਤ ਗਰਭਵਤੀ ਹੁੰਦੀ ਤਾਂ ਖੱਟੇ ਭਾਵ ਨਿੰਬੂ ਦੀ ਮੰਗ ਕਰਦੀ ਹੈ' ਉਸ ਦਾ ਜੀਅ ਘਬਰਾ ਰਿਹਾ ਹੈ' ਜੋ ਉਸ ਦੇ ਗਰਭਵਤੀ ਹੋਣ ਦਾ ਸੰਕੇਤ ਹੈ।

ਇਸ ਤੋਂ ਬਿਨਾਂ ਕਈ ਵਾਰ ਸਰੀਰਕ ਭਾਸ਼ਾ ਵੀ ਬਹੁਤ ਕੁੱਝ ਬੋਲਦੀ ਹੈ , ਕਿਉਂਕਿ ਸ਼ਬਦਾਵਲੀ ਪੱਖੋਂ ਤਾਂ ਉਹ ਸਾਧਾਰਨ ਲੱਗਦੇ ਹਨ ਪ੍ਰੰਤੂ ਜਦੋਂ ਉਸਨੂੰ ਪੇਸ਼ਕਾਰੀ ਦੇ ਪੱਧਰ ‘ ਤੇ ਦੇਖਿਆ ਜਾਂਦਾ ਹੈ ਤਾਂ ਇੱਕ ਨਵੇਂ ਅਰਥ ਸ਼ੱਪਸ਼ਟ ਹੁੰਦੇ ਹਨ ਜਿਵੇਂ -

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

( ਦੋ ਔਰਤਾਂ ਪਿੜ ਵਿੱਚ ਆਉਦੀਆਂ ਹਨ ਜੋ ਆਪਸ ਵਿੱਚ ਗੁਵਾਂਢਣਾਂ ਦਾ ਰੋਲ ਅਦਾ ਕਰਦੀਆਂ ਹਨ )

ਪਹਿਲੀ ਔਰਤ :- ਨੀ ਲ=ਕੁੜੇ .......

ਕੀ ਗੱਲ ਐ

ਥੋੜੇ ਹਲਵਾਈ ਲੱਗਿਆ ਐ

ਲ਼ੱਡੂ -ਪੇੜੇ ਪੱਕਦੇ ਐ......

ਦੂਜੀ ਔਰਤ :- ਨੀ ਭੈਣੇ ........

ਕਾਹਦੇ ਲੱਡੂ ਪੇੜੇ ...

ਉਹ ਕਿਹੜਾ ਸਾਡੇ ਖਾਣ ਨੂੰ ਪੱਕਦੇ ਐ..

ਪਹਿਲੀ ਔਰਤ :- ਹੋਰ ਫੇਰ , ਕਾਸ ਨੂੰ ਪੱਕਦੇ ਐ

ਦੂਜੀ ਔਰਤ :- (ਪੱਟਾਂ ਦੇ ਹੱਥ ਮਾਰਦੀ ਹੋਈ )

ਸਭ ਐਸੇ ਦੇ ਪ੍ਰਤਾਪ ਨੂੰ

ਨੀ ਭੈਣੇ ਸਭ ਐਸੇ ਦੇ ਪ੍ਰਤਾਪ ਨੂੰ

ਲਾੜਾ ਸਰਵਾਲਾ ਢੁੱਕੇ

ਸਭ ਐਸੇ ਦੇ ਪ੍ਰਤਾਪ ਨੂੰ

ਰੌਣਕਾਂ ਲੱਗੀਆਂ ਸਭ ਐਸੇ ਪ੍ਰਤਾਪ ਨੂੰ

ਇਸ ਸ਼ਾਂਗ -ਤਮਾਸ਼ੇ ਵਿੱਚ ਸ੍ਰਰੀਰਕ ਸ਼ਬਦਾਵਲੀ ਰਾਂਹੀ ਸਾਰੇ ਭਾਵ ਪ੍ਰਗਟ ਹੁੰਦ ਹਨ । ਇਸ ਤੋਂ ਬਿਨਾਂ ਸਾਂਗ -ਤਮਾਸ਼ੇ ਵਿਚਲੀ ਸ਼ਬਦਾਵਲੀ ਵਿਅੰਗਮਈ ਹੁੰਦੀ ਹੈ। ਪਹਿਲੀ ਨਜਰੇ ਦੇਖਣ ਨੂੰ ਤਾਂ ਇਹ ਸਧਾਰਨ ਵਿਅੰਗ ਪ੍ਰਤੀਤ ਹੁੰਦਾ ਹੁ, ਪ੍ਰੰਤੂ ਇਸ ਵਿਅੰਗ ਵਿੱਚ ਡੂੰਘੀ ਰਮਜ਼ ਵੇਖਣ ਨੂੰ ਮਿਲਦੀ ਹੈ ਜਿਵੇਂ :-

ਔਰਤ :- ਮਾਏ ਨੀ ਮਾਏ , ਮੈਨੂੰ ਮਾਰਦਾ ਏ ......

( ਮੈਨੂੰ ਦੀ ਅਵਾਜ਼ ਵਿੱਚ )

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਮਾਏ ਨੀ ....ਮਾਏ ਮਾਰਦਾ ਏ

ਸਮੂਹ :- ਕਾਸ ਤੋਂ ਮਾਰਦਾ ਧੀਏ

ਤੈਨ ਕਾਸ ਤੋਂ ਮਾਰਦਾ ਐ.....

ਔਰਤ :- ਮਾਂ ਮੈਨੂੰ ਕਹਿੰਦਾ ਕਿ ਅੱਜ ਭਰਵੇਂ ਕਰੇਲੇ ਬਣਾ ਦੇਵੀਂ । ਇਹ ਕਹਿ ਆਪ ਤਾਂ ਤੁਰ ਗਿਆ ਖੇਤ ਨੂੰ ।

ਮੈਨੂੰ ਨਾ ਤਾਂ ਕਰੇਲਰ ਲੈ ਕੇ ਦੇ ਗਿਆ ਤੇ ਨਾ ਹੀ ਪੈਸੇ ।

ਕਰੇਲੇ ਲੈਣ ਲਈ ਮੇਰੇ ਕੋਲ ਪੈਸੇ ਵੀ ਨਾ, ਮੈਂ ਦੱਸੋਂ ਕੀ ਕਰਦੀ ......?

ਮੈਨੂੰ ਸੋਚਦੀ ਸਚਿਦੀ ਨੂੰ ਇੱਕ ਜੁਗਤ ਸੁੱਝੀ.....

ਸਮੂਹ :- ਕੀ....?

ਔਰਤ :- ਘਰੇ ਚੂਹੇ ਫੜ੍ਹਨ ਵਾਲੀ ਕੜਿੱਕੀ ਲੱਗੀ ਹੋਈ ਸੀ

ਜਦੋਂ ਮੈਂ ਅੰਦਰ ਗਈ ਤਾਂ ਦੇਖਿਆ ਕਿ ਉਸ ਪਹਿਲਾਂ ਹੀ ਇੱਕ ਚੂਹਾ ਫਸਿਆ ਹੋਇਆ ਸੀ

ਮੈਂ ਇੱਕ – ਦੋ ਚੂਹੇ ਹੋਰ ਫੜ੍ਹੇ ....

ਚੂਹਿਆਂ ਦੇ ਸਿਰ ਵੱਢੇ, ਪੈਰ ਵੱਡੇ. ਪੂੰਛਾਂ ਵੱਢੀਆਂ

ਨੂਣ ਮਿਰਚਾਂ ਪਾ ਕੇ ਤੜਕਾ ਲਾ ਦਿੱਤਾ

ਖੇਤੋਂ ਆ ਕੇ ਜਦੋਂ ਲੱਗਿਆ ਰੋਟੀ ਖਾਣ , ਥਾਲੀ ਚੁੱਕੇ ਮੇਰੇ ਸਿਰ ‘ ਮਾਰੀ ,

ਲ਼ੱਗਿਆ ਧੱਪ- ਧੱਪ ਕੁੱਟਣ.................(ਰੋਂਦੀ ਹੋਈ )

ਮਾਰਦਾ ਏ ਮੈਨੂੰ ਮਾਏ ਮਾਰਦਾ ਏ

ਸਮੂਹ :- ਇਨ੍ਹਾਂ ਗੱਲਾਂ ਤੋਂ ਹੀ ਧੀਏ ਮਾਰਦਾ ਏ

ਤਾਂ ਹੀ ਤੈਨੂੰ ਮਾਰਦਾ ਏ...

ਇਸ ਤਰ੍ਹਾਂ ਦੇ ਸਾਂਗ –ਤਮਾਸ਼ਿਆਂ ਵਿੱਚ ਤੀਖਣ ਵਿਅੰਗ ਅਤੇ ਗੁੱਝੇ ਮਖੌਲ ਰਾਂਹੀ ਹਾਸ ਰਸੀ ਢੰਗ ਲੱਗਦਾ ਹੈ। ਪ੍ਰੰਤੂ ਇਸ ਗੰਭੀਰ ਵਿਸ਼ਾ ਆਰਥਿਕ ਪੱਖ ਨੂੰ ਉਘਾੜਿਆ ਗਿਆ ਹੈ ਕਿ ਹਰ ਇਨਸਾਨ ਖੁਸ਼ਹਾਲ ਜੀਵਨ ਚਾਹੁੰਦਾ , ਉਸਦੀਆਂ ਬਹੁਤ

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਸਾਰੀਆਂ ਜਰੂਰਤਾਂ ਹਨ, ਪਰ ਆਰਥਿਕ ਮਜਬੂਰੀਆਂ ਕਾਰਨ ਉਹ ਪੂਰੀਆਂ ਨਹੀਂ ਹੋ ਸਕਦੀਆ। ਇਸ ਕਾਰਨ ਰਿਸ਼ਤਿਆਂ ਵਿੱਚ ਕਰਵਾਹਟ ਆਉਂਦੀ ਹੈ।ਕਈ ਵਾਰ ਸਮੱਸਿਆ ਕਰਕੇ ਮਨੁੱਖ ਆਪਣਾ ਮਾਨਸਿਕ ਸੰਤੁਲਨ ਖੋ ਬੈਠਦਾ ।

ਹਰ ਦੇਸ਼ , ਹਰ ਕੌਮ ਦੀਆਂ ਆਪਣੀਆਂ ਸਭਿਆਚਾਰਕ ਕਦਰਾਂ ਅਤੇ ਵਿਰਾਸਤੀ ਪ੍ਰੰਪਰਾਵਾਂ ਹੁੰਦੀਆਂ ਹਨ।ਜਿਸ ਦੁਆਰਾ ਕਿਸੇ ਕੌਮ ਦੀ ਵੱਖਰੀ ਨਕਸ਼ - ਨੁਹਾਰ ਦੀ ਪਛਾਣ ਕੀਤੀ ਜਾ ਸਕਦੀ ਹੈ। ਲੋਕ-ਕਾਵਿ ਅਤੇ ਸੰਗੀਤ ਕਿਸੇ ਕੌਮ ਦਾ ਵਿਸ਼ੇਸ਼ ਸਰਮਾਇਆ ਹੁੰਦੇ ਹਨ। ਲੋਕ- ਸੰਗੀਤ ਵੀ ਕਿਸੇ ਖਿੱਤੇ ਦੀ ਮਾਨਸਿਕਤਾ ਨਤਲ ਜੁੜਿਆ ਹੁੰਦਾ ਹੈ। ਪੰਜਾਬੀ ਸਭਿਆਚਾਰ ਅਤੇ ਲੋਕਧਾਰਾ ਦੀ ਵਿਸ਼ਵ ਪੱਧਰ ਉੱਤੇ ਪਹਿਚਾਣ ਲਈ ਪੰਜਾਬੀ ਲੋਕ- ਸੰਗੀਤ ਦੀ ਵਿਸ਼ੇਸ਼ ਭੂਮਿਕਾ ਹੈ। ਡਾ. ਗੁਰਨਾਮ ਸਿੰਘ ਅਨੁਸਾਰ ,” ਪੰਜਾਬੀ ਲੋਕ -ਸੰਗੀਤ , ਪੰਜਾਬੀ ਲੋਕ-ਮਨ ਦੇ ਵਿਸ਼ਾਲ ਸੰਗੀਤਕ ਪਸਾਰੇ ਦਾ ਜੀਵਤ ਰੂਪ ਹੈ।

ਪੰਜਾਬੀ ਸਭਿਆਚਾਰ ਦੀ ਲੋਕ- ਸੰਗੀਤ ਪ੍ਰੰਪਰਾ ਵਿੱਚ ਗਾਇਨ, ਵਾਦਨ ਅਤੇ ਨਾਛ ਆਪਣੀ ਪ੍ਰਕਿਰਤੀ , ਸਰੂਪ ਅਤੇ ਵਿਧਾਨ ਕਰਕੇ ਸਤੁੰਤਰ ਹੋਂਦ ਰੱਖਦੇ ਹੋਏ ਇੱਕ ਦੂਜੇ ਦੇ ਪੂਰਕ ਹਨ। ਪੰਜਾਬੀ ਲੋਕ- ਸੰਗੀਤ ਵਿੱਚ ਪ੍ਰਮੁਖ ਤੌਰ ‘ ਤੇ ਭਾਵੇਂ ਗਾਇਨ ਦੀ ਪ੍ਰਧਾਨਤਾ ਹੁ ਪ੍ਰੰਤੂ ਇਹ ਗਾਇਨ ਦੀ ਸ਼ਾਬਦਿਕ ਅਤੇ ਸੰਗੀਤਕ ਰਚਨਾ ਦੀ ਪੇਸ਼ਕਾਰੀ ਵਿੱਚ ਸੁਰ ਅਤੇ ਤਾਲ ਵਾਲੇ ਸਮੂਹਾਂ ਦਾ ਅਹਿਮ ਸਥਾਨ ਹੁੰਦਾ ਹੈ। ਪੰਜਾਬੀ ਲੋਕ-ਗਾਇਨ, ਵਾਦਨ ਅਤੇ ਨ੍ਰਿਤ ਨੂੰ ਦੇਖੀਏ ਤਾਂ ਇਹ ਇੱਕ ਦੂਜੇ ਨਾਲ਼ ਬੁਨਿਆਦੀ ਗਹਿਰੇ ਸੰਗੀਤਕ ਰਿਸ਼ਤੇ ਵਿੱਚ ਪ੍ਰੋਏ ਹੁੰਦੇ ਹਨ।ਪੰਜਾਬੀ ਲੋਕ -ਸੰਗੀਤ ਵਿੱਚ ਗਾਇਨ , ਵਾਦਨ ਅਤੇ ਨਾਚ ਦੀਆਂ ਵੱਖ-ਵੱਖ ਧਰਾਵਾਂ ਪ੍ਰਚਲਿੱਤ ਹਨ।

ਇਨ੍ਹਾਂ ਸਾਂਗ- ਤਮਾਸ਼ਿਆਂ ਦੀ ਇੱਕ ਭਾਸ਼ਾਗਤ ਵਿਸ਼ੇਸ਼ਤਾ ਸੰਗੀਤਕ , ਲੈਅਮਈ ਅਤੈ ਤੋਲ- ਤੁਕਾਂਤ ਦੀ ਹੁੰਦੀ ਹੈ।ਇਨ੍ਹਾਂ ਵਿੱਚ ਕੇਵਲ ਸੰਗੀਤ ਹੀ ਨਹੀਂ ਹੁੰਦਾ ਸਗੋਂ ਤੋਲ- ਤੁਕਾਂਤ ਪ੍ਰਬੰਧ ਵੀ ਸਮੁੱਚੇ ਸਾਂਗ -ਤਮਾਂਸ਼ੇ ਨੂੰ ਬੰਨ੍ਹ ਕੇ ਰੱਖਦਾ ਹੈ। ਇਨ੍ਹਾਂ ਵਿੱਚ ਸੰਗੀਤ ਪੈਦਾ ਕਰਨ ਲਈ ਸ਼ਾਜ ਦੇ ਤੌਰ ‘ ਤੇ ਢੋਲਕੀ ਨੂੰ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਕਈ ਵਿੱਚ ਗਾਗਰ ਜਾਂ ਘੜ੍ਹੇ ਤੋਂ ਵੀ ਕੰਮ ਲਿਆ ਜਾਂਦਾ ਹੈ। ਇਸ ਤੋਂ ਬਿਨਾਂ ਤਾੜੀ ਅਤੇ ਅੱਡੀ ਤੋਂ ਰਾਂਹੀ ਵੀ ਇਸਨੂੰ ਲੈਅਬੱਧ ਕੀਤਾ ਜਾਂਦਾ ਹੈ। ਇਸ ਤੋਂ ਬਿਨਾਂ ਸਾਂਗ= ਤਮਾਸ਼ਿਆਂ ਵਿੱਚ ਮੂੰਹ ਨਤਲ ਵਿਸ਼ੇਸ਼ ਪ੍ਰਕਾਰ ਦੀਆਂ ਸੰਗੀਤਮਈ ਆਵਾਜਾਂ ਕੱਢੀਆਂ ਜਾਂਦੀਆਂ ਹਨ ਜਿਵੇਂ:- ‘ ਫੁਰਰਅ......ਫੁਰਰਅ....’, ਸ਼ੀ...ਸ਼ੀ...., ਸ਼ਾਵਾ...ਸ਼ਾਵਾ..., ਫੂੰ...ਫੂੰ ...., ਆਦਿ ਆਵਾਜਾਂ ਕੱਢੀਆਂ ਜਾਂਦੀਆਂ ਹਨ। ਇਸ ਤੋਂ ਬਿਨਾਂ ਸਾਂਗ-ਤਮਾਂਸ਼ਿਆਂ ਦੇ ਅੰਤ ਉੱਤੇ ਸਮੂਹਿਕ ਬੋਲਾਂ ਦੀ ਤਰਜ਼ ਲੋਕ ਮਨਾਂ ਵਿੱਚ ਧਸੀ ਹੁੰਦੀ ਹੈ ।ਇਸ ਗੱਲ ਦਾ ਪ੍ਰਮਾਣ ਕਈ ਗੀਤਾਂ ਤੋਂ ਮਿਲਦਾ ਹੈ ਜੋ ਕਿ ਇਨ੍ਹਾਂ ਸਾਂਗ- ਤਮਾਸ਼ਿਆਂ ਦੀ ਤਰਜ਼ ‘ਤੇ ਹਨ ਜਿਵੇਂ:-

1. ਸਾਂਗ- ਤਮਾਸ਼ਾ :- ਮੇਰੇ ਬੜੇ ਕਰਾਰੇ ਆਲ
   ਗੀਤ :- ਮੇਰਾ ਬੜਾ ਕਰਾਰਾ ਪੂਦਨਾ ( ਜਗਮੋਹਨ ਕੌਰ )
2. ਸਾਂਗ -ਤਮਾਸ਼ਾ :- ਤੂੰ ਗੜਬਾ ਮੈਂ ਤਣਰੀ ਡੋਰ ਮਾਹੀਆ
   ਗੀਤ :- ਗੜਬਾ ਲੈ ਦੇ ਚਾਂਦੀ ਦਾ ( ਸ਼ਾਜਨ ਰਾਏਕੋਟੀ )

ਹਵਾਲੇ ਅਤੇ ਟਿੱਪਣੀਆਂ

1.ਓਮ ਪ੍ਰਕਾਸ਼ ਵਸ਼ਿਸ਼ਟ, ਚਿੰਨ੍ਹ ਵਿਗਿਆਨ ਅਤੇ ਗੁਰੁ ਨਾਨਕ ਬਾਣੀ , ਪੰਨਾ-2

2. ਹਰਜੀਤ ਕੌਰ, ਲੋਕ-ਨਾਟ ਸਾਂਗ, ਰੂਪ ਤੇ ਪਰੰਪਰਾ , ਪੰਨਾ-106

3. ਚਰਨਜੀਤ ਕੌਰ , ਨਾਰੀ- ਨੀਝ, ਪੰਨਾ-27

4. ਹਰਜੀਤ ਕੌਰ, ਉਹੀ, ਪੰਨਾ-13

5. ਡਾ,ਕੰਵਲਜੀਤ ਕੌਰ( ਸੰਪਾ.) , ਪੰਜਾਬੀ ਸਭਿਆਚਾਰ ਦੇ ਸੰਚਾਰ ਸਾਧਨ:- ਦਸ਼ਾ ਤੇ ਦਿਸ਼ਾ, ਪੰਨਾ-13

6. ਉਹੀ, ਪੰਨਾ- 251